# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

E-Mail. Id : deose.bathinda@punjabeducation.gov.in

ਵੱਲ

ਸਮੂਹ ਸਕੂਲ ਮੁੱਖੀ

ਸਸਸਸ/ਸਹਸ

ਜਿਲ੍ਹਾ ਬਠਿੰਡਾ ।

ਪੱਤਰ ਨੰ ਜੀ-1/1 ( )2024 / 7084

ਮਿਤੀ 15/01/24

ਵਿਸ਼ਾ : ਪੀ ਐਮ ਪੋਸ਼ਣ ਸਕੀਮ ਅਧੀਨ ਮਿਤੀ 08/01/24 ਨੂੰ ਵੀਡਿਓ ਕਾਨਫਰੰਸਿੰਗ ਰਾਂਹੀ ਹੋਈ ਮੀਟਿੰਗ ਦੇ ਸੰਬੰਧ ਵਿਚ ।

ਹਵਾਲਾ : ਪੰਜਾਬ ਮਿਡ ਡੇ ਮੀਲ ਸੋਸਾਇਟੀ ਦੇ ਮੀਮੋ ਨੰ : ਐੱਮ.ਡੀ.ਐਮ.ਐੱਸ/ਜੀ.ਐਮ/E-136557/2024/8980 ਮਿਤੀ:08/01/2024 ਦੇ ਸਬੰਧ ਵਿਚ ।

ਉਪਰੋਕਤ ਵਿਸ਼ਾ ਹਵਾਲਾ ਅੰਕਿਤ ਅਤੇ ਹਵਾਲਾ ਅਧੀਨ ਪੰਜਾਬ ਰਾਜ ਜੀ ਦਫਤਰ ਪੰਜਾਬ ਮਿਡ ਡੇ ਮੀਲ ਸੋਸਾਇਟੀ ਵੱਲੋਂ ਮਾਨਯੋਗ ਸਕੱਤਰ ਸਕੂਲ ਸਿੱਖਿਆ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 08/01/24 ਨੂੰ ਕੀਤੀ ਗਈ ਵੀ. ਸੀ. ਮੀਟਿੰਗ ਦੀ ਰਿਪੋਰਟ ਪ੍ਰਾਪਤ ਹੋਈ ਹੈ । ਇਸ ਰਿਪੋਰਟ ਅਨੁਸਾਰ ਸਮੂਹ ਸਕੂਲ ਮੁੱਖੀਆਂ ਨੂੰ ਹੇਠ ਲਿਖੀਆਂ ਜਰੂਰੀ ਹਦਾਇਤਾਂ ਦਿੱਤੀਆਂ ਗਈਆਂ ਹਨ।

1. ਪੀ. ਐਮ. ਪੋਸ਼ਣ ਸਕੀਮ ਅਧੀਨ ਜਾਰੀ ਕੀਤੀਆਂ ਗਈਆਂ ਲਿਮਟਾਂ ਦੀ ਸਮੇਂ ਸਿਰ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ ।

2. ਸਕੂਲ ਮੁੱਖੀ ਵੱਲੋਂ ਈ. ਪੀ. ਏ ਸਿਸਟਮ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ ।

3. ਕਿਸੇ ਵੀ ਸਕੂਲ ਮੁੱਖੀ ਵੱਲੋਂ ਮਿਡ ਡੇ ਮੀਲ ਦੇ ਸਬੰਧ ਵਿਚ ਕੋਈ ਵੱਡੀ ਰਾਸ਼ੀ ਦੀਆਂ ਨਕਦ ਅਦਾਇਗੀਆਂ ਨਾ ਕੀਤੀਆਂ ਜਾਣ ਜੇਕਰ ਜਰੂਰਤ ਪੈਦੀ ਹੈ ਤਾਂ ਕੇਵਲ ਸਬਜੀ ,ਦੁੱਧ ਆਦਿ ਦੇ ਖਰਚ ਹਿੱਤ ਨਕਦ ਅਦਾਇਗੀ ਕਰਕੇ Reimbursement ਲਈ ਜਾ ਸਕਦੀ ਹੈ ਪ੍ਰੰਤੂ ਸਿੱਧੇ ਤੌਰ ਤੇ ਕੋਈ ਵੱਡੀ ਰਾਸ਼ੀ ਆਪਣੇ ਖਾਤੇ ਵਿਚ ਟਰਾਂਸਫਰ ਕਰਕੇ ਉਸ ਨੂੰ ਖਾਤੇ ਵਿਚੋਂ ਕਢਵਾਕੇ ਨਕਦ ਅਦਾਇਗੀਆ ਨਹੀਂ ਕੀਤੀਆਂ ਜਾਣੀਆਂ ਬਣਦੀਆਂ ।

4. ਜਿਲ੍ਹੇ ਵਿਚ SMS ਡਾਟਾ ਕਾਰਗੁਜਾਰੀ ਨੂੰ 100 ਪ੍ਰਤੀਸ਼ਤ ਕਰਨ ਹਿੱਤ SMS ਰੋਜਾਨਾ ਹਰ ਸਕੂਲ ਵੱਲੋਂ ਭੇਜਣਾ ਯਕੀਨੀ ਬਣਾਇਆ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ ।